ਘਬਰਾਹਟ ਤੇ ਬੇਚੈਨੀ ਉਤਪੰਨ ਹੁੰਦੀ ਹੈ ਤੇ ਇਸ ਨੂੰ ਘਟ ਕਰਨ ਨਾਲ ਅਧਿਆਤਮਿਕ ਸੁੱਖ ਮਿਲਦਾ ਹੈ। ਪਰਿਗ੍ਰਹਿ ਪਾਪ ਹੈ ਅਤੇ ਅਪਰਿਗ੍ਰਹਿ ਧਰਮ ਹੈ।

ਭਗਵਾਨ ਮਹਾਂਵੀਰ ਜੀ ਨੇ ਦਸਿਆ ਹੈ ਕਿ ਸੁੱਖ ਪਦਾਰਥਾਂ ਵਿਚ ਨਹੀਂ, ਵਿਚਾਰਾਂ ਵਿਚ ਹੈ। ਸੁੱਖ ਬਾਹਰਲੀ ਚੀਜ਼ ਨਹੀਂ, ਸਗੋਂ ਮਨੁੱਖੀ-ਭਾਵਨਾ ਵਿਚ ਹੀ ਹੈ। ਸ਼ਰੀਰ ਆਤਮਾ ਦੇ ਅਧੀਨ ਹੈ ਜਾਂ ਆਤਮਾ ਸ਼ਰੀਰ ਦੇ ? ਭੌਤਿਕਵਾਦ ਆਖਦਾ ਹੈ — ਸ਼ਰੀਰ ਹੀ ਸਭ ਕੁਝ ਹੈ। ਅਧਿਆਤਮਵਾਦੀ ਕਹਿੰਦਾ ਹੈ ਕਿ ਇਹ ਸ਼ਰੀਰ ਹੀ ਆਤਮਾ ਦੇ ਅਧੀਨ ਹੈ। ਜਦ ਤਕ ਸ਼ਰੀਰ ਹੈ, ਤਦ ਤਕ ਬਾਹਰੀ ਵਸਤਾਂ ਦਾ ਸਦਾ ਲਈ ਤਿਆਗ ਨਹੀਂ ਹੋ ਸਕਦਾ, ਪਰ ਆਪਣੀ ਤ੍ਰਿਸ਼ਨਾ ਤੇ ਪੂਰੀ ਤਰ੍ਹਾਂ ਕਾਬੂ ਪਾਉਣਾ ਚਾਹੀਦਾ ਹੈ। ਬਿਨਾਂ ਇਸ ਦੇ ਅਪਰਿਗ੍ਰਹਿ ਦਾ ਪਾਲਨ ਨਹੀਂ ਹੋ ਸਕਦਾ। ਅਪਰਿਗ੍ਰਹਿਵਾਦ ਦੀ ਸਭ ਤੋਂ ਵੱਡੀ ਮੰਗ ਹੈ—ਇੱਛਾਵਾਂ ਦੀ ਹੱਦ ਨਿਸ਼ਚਿਤ ਕਰਨਾ। ਜੇ ਇੱਛਾਵਾਂ ਦੀ ਹੱਦ ਨਿਸ਼ਚਿਤ ਨਹੀਂ ਹੈ ਤਾਂ ਤ੍ਰਿਸ਼ਨਾ ਦਾ ਅੰਤ ਨਹੀਂ ਹੋ ਸਕਦਾ। ਇਸਦਾ ਅੰਤ ਇਹ ਨਹੀਂ ਕਿ ਸੁੱਖਕਾਰੀ ਵਸਤਾਂ ਜਾਂ ਖਾਣ ਪੀਣ ਦੀਆਂ ਵਸਤੂਆਂ ਦੀ ਵਰਤੋਂ ਨਾ ਕੀਤੀ ਜਾਵੇ। ਕਰੋ, ਪਰ ਸ਼ਰੀਰ ਦੀ ਰੱਖਿਆ ਲਈ, ਸੁੱਖ-ਪ੍ਰਾਪਤੀ ਦੀ ਭਾਵਨਾ ਤੋਂ ਨਹੀਂ, ਉਹ ਵੀ ਨਿਰਲੇਪ ਹੋ ਕੇ।

### ❋ ਅਪਰਿਗ੍ਰਹਿ : ਸੰਸਕ੍ਰਿਤੀ

ਅਪਰਿਗ੍ਰਹਿ ਦਾ ਸਿੱਧਾਂਤ ਸਮਾਜ ਵਿਚ ਸ਼ਾਂਤੀ ਪੈਦਾ

ਕਰਦਾ ਹੈ। ਰਾਸ਼ਟਰ ਵਿਚ ਸਮਾਨਤਾ ਦਾ ਪ੍ਰਚਾਰ ਕਰਦਾ ਹੈ। ਵਿਅੱਕਤੀ ਤੇ ਪਰਿਵਾਰ ਵਿਚ ਅਪਣੱਤ ਦੀ ਭਾਵਨਾ ਪੈਦਾ ਕਰਦਾ ਹੈ। ਪਰਿਗ੍ਰਹਿ ਤੋਂ ਅਪਰਿਗ੍ਰਹਿ ਦੇ ਵਲ ਵੱਧਣਾ—ਇਹ ਧਰਮ ਹੈ, ਸੰਸਕ੍ਰਿਤੀ ਹੈ। ਅਪਰਿਗ੍ਰਹਵਾਦ ਵਿਚ ਸੁੱਖ ਹੈ, ਮੰਗਲ ਹੈ ਤੇ ਸ਼ਾਂਤੀ ਹੈ। ਅਪਰਿਗ੍ਰਹਿਵਾਦ ਅਧਿਕਾਰ ਤੇ ਨਹੀਂ, ਕਰਤੱਵ ਤੇ ਜ਼ੋਰ ਦਿੰਦਾ ਹੈ। ਸ਼ਾਂਤੀ ਤੇ ਸੁੱਖ ਦੇ ਸਾਧਨਾਂ ਵਿਚੋਂ ਅਪਰਿਗ੍ਰਹਿਵਾਦ ਇਕ ਮੁੱਖ ਸਾਧਨ ਹੈ। ਕਿਉਂਕਿ ਇਹ ਮੂਲ ਅਧਿਆਤਮਵਾਦ ਹੋ ਕੇ ਵੀ ਸਮਾਜ ਦੇ ਅਨੁਕੂਲ ਹੈ।

* * *

# ਆਤਮਾ ਦਾ ਸੰਗੀਤ : ਅਹਿੰਸਾ

ਜੈਨ-ਸੰਸਕ੍ਰਿਤੀ ਦੀ ਸੰਸਾਰ ਨੂੰ ਜੋ ਸਭ ਤੋਂ ਵੱਡੀ ਦੇਣ ਹੈ ਉਹ ਅਹਿੰਸਾ ਹੈ। ਅਹਿੰਸਾ ਦਾ ਇਹ ਮਹਾਨ ਵਿਚਾਰ ਜੋ ਅੱਜ ਵਿਸ਼ਵ-ਸ਼ਾਂਤੀ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਜਾਣ ਲੱਗਾ ਹੈ ਤੇ ਜਿਸਦੀ ਬੇਅੰਤ ਸ਼ਕਤੀ ਦੇ ਸਾਹਮਣੇ ਸੰਸਾਰ ਦੀਆਂ ਸਾਰੀਆਂ ਨਾਸ਼ਂਵਾਨ-ਸ਼ਕਤੀਆਂ ਨਾਸ਼ ਹੁੰਦੀਆਂ ਦਿਖਾਈ ਦੇਣ ਲੱਗ ਪਈਆਂ ਹਨ।

ਇਕ ਦਿਨ ਜੈਨ-ਸੰਸਕ੍ਰਿਤੀ ਦੇ ਮਹਾਂਪੁਰਸ਼ਾਂ ਰਾਹੀਂ ਹਿੰਸਾ-ਕਾਂਡ ਵਿਚ ਲੱਗੇ ਪਾਗਲ-ਸੰਸਾਰ ਦੇ ਸਾਹਮਣੇ ਰਖਿਆ ਗਿਆ ਸੀ। ਜੈਨ-ਸੰਸਕ੍ਰਿਤੀ ਦਾ ਮਹਾਨ ਸੰਦੇਸ਼ ਹੈ ਕਿ ਕੋਈ ਵੀ ਮਨੁੱਖ ਸਮਾਜ ਤੋਂ ਅੱਡ ਰਹਿਕੇ ਆਪਣਾ ਵਜੂਦ ਕਾਇਮ ਨਹੀਂ ਰੱਖ ਸਕਦਾ। ਸਮਾਜ ਵਿਚ ਘੁਲ ਮਿਲਕੇ ਹੀ ਉਹ ਆਪਣੇ ਜੀਵਨ ਦਾ ਆਨੰਦ ਮਾਣ ਸਕਦਾ ਹੈ ਤੇ ਆਸ-ਪਾਸ ਦੇ ਹੋਰ ਵੀ ਦੋਸਤਾਂ ਨੂੰ ਉਠਾਉਣ ਦੇ ਯੋਗ ਬਣਾ ਸਕਦਾ ਹੈ। ਜਦ ਇਹ ਨਿਸ਼ਚਿਤ ਹੈ ਕਿ ਆਦਮੀ ਸਮਾਜ ਤੋਂ ਅੱਡ ਨਹੀਂ ਰਹਿ ਸਕਦਾ ਤਾਂ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ

ਦਿਲ ਨੂੰ ਵਿਸ਼ਾਲ ਬਣਾਏ, ਮਹਾਨ ਬਣਾਏ, ਵਿਰਾਟ ਬਣਾਏ ਅਤੇ ਮਿਹਰਵਾਨ ਬਣਾਏ। ਲੋਕਾਂ ਦੇ ਨਾਲ ਰਹੇ, ਕੰਮ ਕਰੇ ਅਤੇ ਉਹਨਾਂ ਦੇ ਦਿਲ ਤੇ ਆਪਣੇ ਵੱਲੋਂ ਪੂਰਾ-ਪੂਰਾ ਵਿਸ਼ਵਾਸ ਪੈਦਾ ਕਰੇ। ਜਦ ਤਕ ਮਨੁੱਖ ਆਪਣੇ ਨਜ਼ਦੀਕੀ-ਸਮਾਜ ਵਿਚ ਆਪਣਾਪਨ ਦਾ ਭਾਵ ਪੈਦਾ ਨਹੀਂ ਕਰੇਗਾ ਅਰਥਾਤ ਜਦ ਤਕ ਦੂਸਰੇ ਲੋਕ ਉਸ ਨੂੰ ਆਪਣਾ ਆਦਮੀ ਨਹੀਂ ਸਮਝਣਗੇ ਤਦ ਤਕ ਸਮਾਜ ਦਾ ਕਲਿਆਣ ਨਹੀਂ ਹੋ ਸਕਦਾ। ਇਕ ਦੂਜੇ ਵਿਚ ਆਪਸੀ-ਅਵਿਸ਼ਵਾਸ ਹੀ ਤਬਾਹੀ ਦਾ ਕਾਰਨ ਬਣਿਆ ਹੋਇਆ ਹੈ।

ਸੰਸਾਰ ਵਿਚ ਚਹੁੰ ਪਾਸੇ ਜੋ ਦੁੱਖਾਂ ਦੀ ਭਰਮਾਰ ਹੈ, ਹਾਹਾਕਾਰ ਹੈ, ਉਹ ਪ੍ਰਕ੍ਰਿਤੀ ਵੱਲੋਂ ਤਾਂ ਬਹੁਤ ਥੋੜ੍ਹਾ ਹੀ ਹੈ ਜੇ ਜ਼ਿਆਦਾ ਅੰਦਰ ਝਾਤੀ ਮਾਰੀਏ, ਤਾਂ ਕੁਦਰਤ ਦੁੱਖ ਦੀ ਬਜਾਏ, ਸਾਡੇ ਸੁੱਖ ਵਿਚ ਹੀ ਕਾਫੀ ਸਹਾਇਕ ਹੈ। ਅਸਲ ਵਿਚ ਜੋ ਉੱਪਰ ਦਾ ਦੁੱਖ ਹੈ ਉਹ ਮਨੁੱਖ ਤੇ ਮਨੁੱਖ ਦਾ ਲੱਦਿਆ ਹੋਇਆ ਹੈ ਜੋ ਹਰ ਇਕ ਮਨੁੱਖ ਆਪਣੇ ਵੱਲੋਂ ਦਿਤੇ ਜਾਣ ਵਾਲੇ ਦੁੱਖ ਹਟਾ ਲਵੇ ਤਾਂ ਇਹ ਸੰਸਾਰ ਹੀ ਨਰਕ ਤੋਂ ਸੁਵਰਗ ਵਿਚ ਬਦਲ ਸਕਦਾ ਹੈ।

### ❋ ਅਮਰ-ਆਦਰਸ਼

ਜੈਨ-ਸੰਸਕ੍ਰਿਤੀ ਦੇ ਮਹਾਨ ਸੰਸਕਾਰਿਕ ਅੰਤਿਮ ਤੀਰਥੰਕਰ (ਧਰਮ-ਸੰਸਥਾਪਕ) ਭਗਵਾਨ ਮਹਾਂਵੀਰ ਜੀ ਨੇ ਤਾਂ

ਦੇਸ਼ਾਂ ਦੇ ਆਪਸੀ-ਯੁੱਧਾਂ ਦਾ ਹਲ ਸਿਰਫ ਅਹਿੰਸਾ ਨੂੰ ਹੀ ਆਖਿਆ ਹੈ। ਉਹਨਾਂ ਦਾ ਆਦਰਸ਼ ਹੈ ਕਿ ਧਰਮ-ਪ੍ਰਚਾਰ ਦੇ ਦਵਾਰਾ ਹੀ ਸੰਸਾਰ ਦੇ ਹਰ ਮਨੁੱਖ ਦੇ ਦਿਲ ਵਿਚ ਇਹ ਗੱਲ ਬਿਠਾ ਦਿਓ ਕਿ ਉਹ ਸਵੈ (ਆਪਣੇ ਆਪ) ਵਿਚ ਹੀ ਸੰਤੁਸ਼ਟ ਰਹੇ, ਪਰ ਦੂਸਰੇ ਵਲ ਆਉਣ ਦੀ ਕੋਸ਼ਿਸ਼ ਨਾ ਕਰੇ। ਦੂਸਰੇ ਵੱਲ ਖਿੱਚ ਦਾ ਅਰਥ ਹੈ—ਦੂਸਰੇ ਦੇ ਸੁੱਖ-ਸਾਧਨ ਨੂੰ ਵੇਖਕੇ ਲਲਚਾਉਣਾ ਤੇ ਉਨ੍ਹਾਂ ਨੂੰ ਖੋਹਣ ਦੀ ਕੋਸ਼ਿਸ਼ ਕਰਨਾ।

ਹਾਂ, ਤਾਂ, ਜਦ ਤਕ ਨਦੀ ਆਪਣੇ ਕਿਨਾਰੇ ਵਹਿੰਦੀ ਹੈ ਤਦ ਤਕ ਸੰਸਾਰ ਨੂੰ ਲਾਭ ਹੀ ਲਾਭ ਹੈ। ਨੁਕਸਾਨ ਕੁਝ ਨਹੀਂ। ਜਿਉਂ ਹੀ ਆਪਣਾ ਕਿਨਾਰਾ ਪਾਰ ਕਰਕੇ ਆਸ-ਪਾਸ ਦੇ ਪ੍ਰਦੇਸ਼ ਤੇ ਆਪਣਾ ਅਧਿਕਾਰ ਜਮਾ ਲੈਂਦੀ ਹੈ ਤਾਂ ਹੜ੍ਹ ਦਾ ਰੂਪ ਧਾਰਨ ਕਰਦੀ ਹੈ। ਸੰਸਾਰ ਵਿਚ ਹਾਹਾਕਾਰ ਮਚਾ ਦੇਂਦੀ ਹੈ। ਕਿਆਮਤ ਆ ਜਾਂਦੀ ਹੈ। ਜਦ ਤਕ ਸਾਰੇ ਦੇ ਸਾਰੇ ਮਨੁੱਖ ਆਪਣੇ-ਆਪਣੇ ਸਵੈ ਵਿਚ ਹੀ ਵਹਿੰਦੇ ਰਹਿੰਦੇ ਹਨ ਤਦ ਤਕ ਕੁਝ ਅਸ਼ਾਂਤੀ ਨਹੀਂ, ਲੜਾਈ ਨਹੀਂ, ਝਗੜਾ ਨਹੀਂ। ਅਸ਼ਾਂਤੀ ਤੋਂ ਸੰਘਰਸ਼ ਦਾ ਵਾਤਾਵਰਣ ਪੈਦਾ ਹੁੰਦਾ ਹੈ, ਜਿਥੇ ਕਿ ਉਸ ਜਗ੍ਹਾ ਹੀ ਮਨੁੱਖ (ਸਵੈ) ਤੋਂ ਬਾਹਰ ਫੈਲਣਾ ਸ਼ੁਰੂ ਕਰਦਾ ਹੈ, ਦੂਸਰੇ ਦੇ ਅਧਿਕਾਰਾਂ ਨੂੰ ਕੁਚਲਦਾ ਹੈ ਅਤੇ ਦੂਸਰੇ ਦੇ ਜੀਵਨ-ਉਪਯੋਗੀ ਸਾਧਨਾਂ 'ਤੇ ਅਧਿਕਾਰ ਜਮਾਉਂਦਾ ਹੈ।

ਪੁਰਾਣਾ ਜੈਨ-ਸਾਹਿੱਤ ਉਠਾ ਕੇ ਤੁਸੀਂ ਵੇਖ ਸਕਦੇ ਹੋ

ਕਿ ਭਗਵਾਨ ਮਹਾਂਵੀਰ ਜੀ ਨੇ ਇਸ ਪਾਸੇ ਬੜੀ ਕੋਸ਼ਿਸ਼ ਕੀਤੀ ਹੈ। ਉਹ ਆਪਣੇ ਹਰ ਗ੍ਰਿਹਸਥੀ ਚੇਲੇ ਨੂੰ ਪੰਜਵੇਂ 'ਅਪਰਿਗ੍ਰਹਿ' ਵਰਤ ਦੀ ਹੱਦ ਸਿੱਖਣ ਵਿਚ ਹਮੇਸ਼ਾ 'ਸਵੈ' ਵਿਚ ਹੀ ਸੀਮਿਤ ਰਹਿਣ ਦੀ ਪਰੇਰਣਾ ਦੇਂਦੇ ਹਨ। ਵਿਉਪਾਰ, ਉਦਯੋਗ ਆਦਿ ਖੇਤਰਾਂ ਵਿਚ ਉਹਨਾਂ ਆਪਣੇ ਉਪਾਸਕਾਂ ਨੂੰ ਨਿਆਂ ਪ੍ਰਾਪਤ ਅਧਿਕਾਰਾਂ ਤੋਂ ਕਦੇ ਵੀ ਅੱਗੇ ਵੱਧਣ ਨਹੀਂ ਦਿਤਾ। ਪ੍ਰਾਪਤ ਅਧਿਕਾਰਾਂ ਤੋਂ ਅੱਗੇ ਵਧਣ ਦਾ ਅਰਥ ਹੈ—ਆਪਣੇ ਦੂਸਰੇ ਮਿਤਰਾਂ ਦੇ ਨਾਲ ਲੜਾਈ ਲਈ ਤਿਆਰ ਹੋਣਾ।

ਜੈਨ ਸੰਸਕ੍ਰਿਤੀ ਦਾ ਸੁਨਹਾ ਹੈ ਕਿ ਹਰ ਮਨੁੱਖ ਆਪਣੀ ਉਚਿੱਤ ਜ਼ਰੂਰਤ ਦੇ ਲਈ, ਉਚਿੱਤ ਸਾਧਨਾਂ ਰਾਹੀਂ, ਉਚਿੱਤ ਕੋਸ਼ਿਸ਼ ਕਰੇ। ਜ਼ਰੂਰਤ ਤੋਂ ਜ਼ਿਆਦਾ ਕਿਸੇ ਸੁੱਖ ਦੀ ਸਾਮੱਗਰੀ ਦਾ ਇਕੱਠਾ ਕਰਨਾ, ਜੈਨ-ਸੰਸਕ੍ਰਿਤੀ ਵਿਚ ਚੋਰੀ ਹੈ। ਵਿਅਕਤੀ, ਸਮਾਜ ਜਾਂ ਦੇਸ਼ ਕਿਉਂ ਲੜਦੇ ਹਨ? ਇਸੇ ਗ਼ਲਤ ਸੰਗ੍ਰਹਿ-ਵਿਰਤੀ ਦੇ ਕਾਰਣ। ਦੂਸਰੇ ਦੇ ਜੀਵਨ ਦੀ, ਜੀਵਨ ਦੇ ਸੁੱਖ-ਸਾਧਨਾਂ ਦੀ ਅਣਦੇਖੀ ਕਰਕੇ ਮਨੁੱਖ ਕਦੇ ਵੀ ਸੁੱਖ-ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਅਹਿੰਸਾ ਦੇ ਬੀਜ ਅਪਰਿਗ੍ਰਹਿ-ਵਿਰਤੀ ਵਿਚ ਪਾਏ ਜਾ ਸਕਦੇ ਹਨ। ਇਕ ਪ੍ਰਕਾਰ ਨਾਲ ਅਸੀਂ ਆਖ ਸਕਦੇ ਹਾਂ ਕਿ ਅਹਿੰਸਾ ਤੇ ਅਪਰਿਗ੍ਰਹਿ-ਵਿਰਤੀ ਦੋ ਸ਼ਬਦ ਨਹੀਂ ਹਨ ਬਲਕਿ ਇਕੋ ਸ਼ਬਦ ਦੇ ਦੋ ਸਰੂਪ (ਅਰਥ) ਹਨ।

### ❀ ਯੁਧ ਤੇ ਅਹਿੰਸਾ

ਆਤਮ-ਰੱਖਿਆ ਦੇ ਲਈ, ਉਚਿੱਤ ਮੁਕਾਬਲੇ ਲਈ

ਸਾਧਨ ਇਕੱਠੇ ਕਰਨਾ, ਜੈਨ-ਧਰਮ ਦੇ ਵਿਰੋਧ ਨਹੀਂ, ਪਰ ਜ਼ਰੂਰਤ ਤੋਂ ਜ਼ਿਆਦਾ ਸੰਗ੍ਰਹਿ ਜਾਂ ਸੰਗਠਨ-ਸ਼ਕਤੀ, ਜ਼ਰੂਰ ਹੀ ਲੋਕਾਂ ਦੇ ਖਾਤਮੇ ਦਾ ਡਰਾਮਾ ਕਰੇਗੀ। ਅਹਿੰਸਾ ਦਾ ਖਾਤਮਾ ਕਰੇਗੀ। ਇਸ ਲਈ ਤੁਸੀਂ ਹੈਰਾਨ ਨਾ ਹੋਵੋ ਕਿ ਪਿਛਲੇ ਕੁਝ ਸਾਲਾਂ ਤੋਂ ਜੋ ਹਥਿਆਰ ਘੱਟ ਕਰਨ ਦਾ ਅੰਦੋਲਨ ਚੱਲ ਰਿਹਾ ਹੈ ਤੇ ਹਰ ਦੇਸ਼ ਨੂੰ ਹਥਿਆਰ ਘੱਟ ਕਰਨ ਲਈ ਆਖਿਆ ਜਾ ਰਿਹਾ ਹੈ, ਇਹੋ ਜੈਨ-ਤੀਰਥੰਕਰਾਂ ਨੇ ਹਜ਼ਾਰਾਂ ਸਾਲ ਪਹਿਲਾਂ ਚਲਾਇਆ ਸੀ। ਅੱਜ ਜੋ ਕੰਮ ਕਾਨੂੰਨ ਰਾਹੀਂ, ਆਪਣੇ ਵਿਧਾਨ ਦੇ ਰਾਹੀਂ ਲਿਆ ਜਾਂਦਾ ਹੈ ਉਹਨਾਂ ਦਿਨਾਂ ਵਿਚ ਉਹ ਯੁੱਧ ਰਾਹੀਂ ਲਿਆ ਜਾਂਦਾ ਸੀ। ਭਗਵਾਨ ਮਹਾਂਵੀਰ ਜੀ ਨੇ ਵੱਡੇ-ਵੱਡੇ ਰਾਜਿਆਂ ਨੂੰ ਜੈਨ-ਧਰਮ 'ਚ ਸ਼ਾਮਿਲ ਕੀਤਾ ਤੇ ਪ੍ਰਤਿਗਿਆ ਕਰਵਾਈ ਕਿ ਉਹ ਦੇਸ਼-ਰੱਖਿਆ ਦੇ ਕੰਮ ਆਉਣ ਵਾਲੇ ਹਥਿਆਰਾਂ ਤੋਂ ਜ਼ਿਆਦਾ ਹਥਿਆਰ ਇਕੱਠੇ ਨਾ ਕਰਨ। ਸਾਧਨਾਂ ਦੀ ਜ਼ਿਆਦਤੀ ਮਨੁੱਖ ਨੂੰ ਜ਼ਾਲਿਮ ਬਣਾ ਦੇਂਦੀ ਹੈ। ਪ੍ਰਭੁਤਾ ਦੀ ਲਾਲਸਾ ਵਿਚ ਆ ਕੇ ਉਹ ਕਿਸੇ ਨੂੰ ਨੁਕਸਾਨ ਪੁਚਾ ਦੇਵੇਗਾ। ਮਨੁੱਖੀ-ਸੰਸਾਰ ਵਿਚ ਜੰਗ ਦੀ ਅੱਗ ਭੜਕਾ ਦੇਵੇਗਾ। ਇਸ ਦ੍ਰਿਸ਼ਟੀ ਤੋਂ ਜੈਨ-ਤੀਰਥੰਕਰਾਂ ਨੇ ਹਿੰਸਾ ਦੇ ਮੂਲ ਕਾਰਨਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ।

ਜੈਨ-ਤੀਰਥੰਕਰਾਂ ਨੇ ਕਦੇ ਵੀ ਲੜਾਈਆਂ ਦੀ ਹਿਮਾਇਤ ਨਹੀਂ ਕੀਤੀ। ਜਿੱਥੇ ਹੋਰ ਧਰਮ-ਅਚਾਰੀਆ, ਸਮਾਜਵਾਦੀਆਂ ਦੇ ਹੱਥ ਕਠਪੁਤਲੀ ਬਣ ਕੇ ਜੰਗ ਦੀ

ਹਿਮਾਇਤ ਕਰਦੇ ਆਏ ਹਨ। ਲੜਾਈ ਵਿਚ ਮਰਨ ਵਾਲੇ ਨੂੰ ਸੁਵਰਗ ਦਾ ਲਾਲਚ ਵਿਖਾਂਦੇ ਆਏ ਹਨ। ਰਾਜਾ ਨੂੰ ਪ੍ਰਮੇਸ਼ਵਰ ਦਾ ਅੰਸ਼ ਦੱਸਦੇ ਹੋਏ ਉਸ ਲਈ ਸਭ ਕੁਝ ਅਰਪਣ ਕਰਨ ਦਾ ਪ੍ਰਚਾਰ ਕਰਦੇ ਆਏ ਹਨ ਉਥੇ ਜੈਨ-ਤੀਰਥੰਕਰਾਂ ਉਸ ਸਬੰਧੀ ਕਾਫੀ ਕੱਟੜ ਰਹੇ ਹਨ। "ਪ੍ਰਸ਼ਨ ਵਿਆਕਰਣ ਸੂਤਰ ਅਤੇ ਭਗਵਤੀ ਸੂਤਰ" ਯੁੱਧਾਂ ਦੇ ਵਿਰੋਧ ਵਿਚ ਜੇ ਥੋੜ੍ਹਾ ਜਿਹਾ ਕਸ਼ਟ ਨਾਲ ਚੁਕਕੇ ਵੇਖਣ ਦੀ ਖੇਚਲ ਕਰਾਂਗੇ ਤਾਂ ਬਹੁਤ ਕੁਝ ਯੁੱਧ ਸਬੰਧੀ ਪ੍ਰਚਾਰ ਪ੍ਰਾਪਤ ਕਰ ਸਕਾਂਗੇ। ਤੁਸੀਂ ਜਾਣਦੇ ਹੋ ਕਿ ਮਗਧ ਦਾ ਰਾਜਾ ਅਜਾਤ-ਸ਼ਤਰੂ (ਕੂਣੀਕ) ਭਗਵਾਨ ਮਹਾਂਵੀਰ ਜੀ ਦਾ ਕਿੰਨਾਂ ਵੱਡਾ ਭਗਤ ਸੀ ! 'ਔਪਪਾਤਿਕ-ਸੂਤਰ' ਉਸਦੀ ਭਗਤੀ ਦੇ ਚਿੱਤਰ ਨੂੰ ਇਸ ਹੱਦ ਤਕ ਪਹੁੰਚਾ ਦਿਤਾ ਗਿਆ ਹੈ। ਹਰ ਰੋਜ਼ ਭਗਵਾਨ ਦੀ ਕੁਸ਼ਲਤਾ ਪ੍ਰਾਪਤ ਕੀਤੇ ਬਿਨਾ ਅੰਨ-ਜਲ ਗ੍ਰਹਿਣ ਨਹੀਂ ਕਰਨਾ" ਕਿੰਨਾਂ ਕਠੋਰ ਨਿਯਮ ਹੈ ? ਪਰ ਵੈਸ਼ਾਲੀ ਵਿਚ ਕੂਣੀਕ ਰਾਹੀਂ ਕੀਤੇ ਹਮਲੇ ਦਾ ਭਗਵਾਨ ਨੇ ਬਿਲਕੁਲ ਸਮਰਥਨ ਨਹੀਂ ਕੀਤਾ। ਬਲਕਿ ਨਰਕ ਦਾ ਅਧਿਕਾਰੀ ਦਸ ਕੇ ਉਸਦੇ ਪਾਪਾਂ ਦਾ ਭਾਂਡਾ ਚੁਰਾਹੇ ਵਿਚ ਭੰਨ ਦਿਤਾ। ਅਜਾਤ ਸ਼ਤਰੂ ਇਸ ਗੱਲੋਂ ਨਾਰਾਜ਼ ਹੋ ਜਾਂਦਾ ਹੈ, ਪਰ ਭਗਵਾਨ ਇਸ ਗੱਲ ਦੀ ਕੁਝ ਪਰਵਾਹ ਨਹੀਂ ਕਰਦੇ। ਭਲਾਂ, ਪੂਰੇ ਅਹਿੰਸਾ ਦੇ ਅਵਤਾਰ ਭੈੜੇ, ਕਤਲੇ-ਆਮ ਦਾ ਸਮਰਥਨ ਕਿਵੇਂ ਕਰ ਸਕਦੇ ਹਨ ?

## ❀ ਜੀਉ ਅਤੇ ਜਿਉਣ ਦਿਉ !

ਜੈਨ-ਤੀਰਥੰਕਰਾਂ ਦੀ ਅਹਿੰਸਾ ਦਾ ਭਾਵ ਅਜ ਕਲ ਦੀ ਨਿਸ਼ਕ੍ਰਿਆ ਨਹੀਂ ਸੀ। ਉਹ ਅਹਿੰਸਾ ਦਾ ਅਰਥ ਪਰੇਮ, ਪਰ-ਉਪਕਾਰ, ਵਿਸ਼ਵ-ਭਾਈਚਾਰਾ ਦਸਦੇ ਸਨ। ਆਪ ਆਨੰਦ ਨਾਲ 'ਜਿਉ ਤੇ ਦੂਸਰੇ ਨੂੰ ਜਿਉਣ ਦਿਉ।' ਜੈਨ-ਤੀਰਥੰਕਰਾਂ ਦਾ ਆਦਰਸ਼ ਇੱਥੋਂ ਤਕ ਹੀ ਸੀਮਿਤ ਨਹੀਂ ਸੀ। ਉਹਨਾਂ ਦਾ ਆਦਰਸ਼ ਸੀ, ਦੂਸਰੇ ਦੇ ਜਿਉਣ ਵਿਚ ਮਦਦ ਵੀ ਕਰੋ। ਮੌਕੇ ਤੇ ਦੂਸਰੇ ਦੇ ਜੀਵਨ ਦੀ ਰੱਖਿਆ ਲਈ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇਵੋ। ਉਹ ਉਸ ਜੀਵਨ ਨੂੰ ਕੋਈ ਮਹੱਤਵ ਨਹੀਂ ਸਨ ਦਿੰਦੇ ਜੋ ਸੇਵਾ ਦੇ ਰਾਹ ਤੋਂ ਦੂਰ ਰਹਿ ਕੇ ਇਕ ਮਾਤਰ ਭਗਤੀਵਾਦ ਦੇ ਵਿਅਰਥ ਕ੍ਰਿਆ-ਕਾਂਡਾਂ ਵਿਚ ਉਲਝਿਆ ਰਹੇ।

ਭਗਵਾਨ ਮਹਾਂਵੀਰ ਜੀ ਨੇ ਇਕ ਵਾਰ ਇਥੋਂ ਤਕ ਕਿਹਾ ਕਿ—ਮੇਰੀ ਸੇਵਾ ਕਰਨ ਦੀ ਬਜਾਏ ਦੀਨ-ਦੁਖੀਆਂ ਦੀ ਸੇਵਾ ਕਰਨਾ ਜ਼ਿਆਦਾ ਲਾਭਕਾਰੀ ਹੈ। ਉਹ ਮੇਰਾ ਭਗਤ ਨਹੀਂ ਜੋ ਮੇਰੀ ਭਗਤੀ ਕਰਦਾ ਹੈ, ਮਾਲਾ ਫੇਰਦਾ ਹੈ। ਮੇਰਾ ਸੱਚਾ ਭਗਤ ਉਹ ਹੈ ਜੋ ਮੇਰੀ ਆਗਿਆ ਦਾ ਪਾਲਨ ਕਰਦਾ ਹੈ। ਮੇਰਾ ਹੁਕਮ ਹੈ ਜੀਵਾਂ ਨੂੰ ਸੁੱਖ ਤੇ ਆਰਾਮ ਪਹੁੰਚਾਉਣਾ। ਭਗਵਾਨ ਮਹਾਂਵੀਰ ਜੀ ਦਾ ਇਹ ਪ੍ਰਕਾਸ਼ਮਈ ਸੰਦੇਸ਼ ਅੱਜ ਵੀ ਸਾਡੀਆਂ ਅੱਖਾਂ ਸਾਹਮਣੇ ਹੈ ਜੇ ਅਸੀਂ ਥੋੜੀ ਬਹੁਤ ਕੋਸ਼ਿਸ਼ ਕਰੀਏ ਤਾਂ ਹੀ ਉਪਰਲੇ ਸੁਨੇਹੇ

ਦੇ ਸੂਖਮ ਬੀਜ ਉੱਤ੍ਰਾਧਿਅਨ ਸੂਤਰ ਦੀ (ਸਰਵਾਰਥ ਸਿੱਧੀ ਵਿਰਤੀ) ਵਿਚ ਵੇਖ ਸਕਦੇ ਹਾਂ ।

## ❀ ਅੰਮ੍ਰਿਤ-ਭਰਪੂਰ ਸੰਦੇਸ਼ : 'ਅਹਿੰਸਾ'

ਅਹਿੰਸਾ ਦੇ ਮਹਾਨ ਦੂਤ ਭਗਵਾਨ ਮਹਾਂਵੀਰ ਜੀ ਹਨ। ਤੁਹਾਨੂੰ ਪਤਾ ਹੈ ਕਿ ਅੱਜ ਤੋਂ ੨੫੦੦ ਸਾਲ ਪਹਿਲਾਂ ਦਾ ਸਮਾਂ ਭਾਰਤੀ-ਸੰਸਕ੍ਰਿਤੀ ਦੇ ਇਤਿਹਾਸ ਦਾ ਹਨੇਰ-ਪੂਰਣ ਸਮਾਂ ਸੀ। ਦੇਵੀ ਦੇਵਤਿਆਂ ਦੇ ਅੱਗੇ ਪਸ਼ੂ-ਬਲੀ ਦੇ ਨਾਉਂ ਤੇ ਖੂਨ ਵਹਾਇਆ ਜਾਂਦਾ ਸੀ। ਮਾਸਾ-ਆਹਾਰੀ ਤੇ ਸ਼ਰਾਬ ਦਾ ਦੌਰ ਚਲਦਾ ਸੀ। ਛੂਆ-ਛੂਤ ਦੇ ਨਾਉਂ ਤੇ ਕਰੋੜਾਂ ਦੀ ਗਿਣਤੀ ਵਿਚ ਮਨੁੱਖ ਅਤਿਆਚਾਰ ਦੀ ਚੱਕੀ ਵਿਚ ਪਿਸ ਰਹੇ ਸਨ। ਇਸਤਰੀ ਨੂੰ ਵੀ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਰਖਿਆ ਗਿਆ ਸੀ। ਇਕ ਪਾਸੇ ਕੀ ? ਅਨੇਕ ਪਾਸੇ, ਅਨੇਕ ਰੂਪਾਂ ਵਿਚ ਹਿੰਸਾ ਦਾ ਘਾਤਕ-ਸਾਮਰਾਜ ਸੀ। ਭਗਵਾਨ ਮਹਾਂਵੀਰ ਜੀ ਨੇ ਉਸ ਵੇਲੇ ਅਹਿੰਸਾ ਦਾ ਅੰਮ੍ਰਿਤ-ਭਰਿਆ ਸੁਨੇਹਾ ਦਿਤਾ। ਜਿਸ ਨਾਲ ਭਾਰਤ ਦੀ ਕਾਇਆ ਪਲਟ ਗਈ। ਮਨੁੱਖ ਰਾਖਸ਼ਸੀ-ਭਾਵਾਂ ਤੋਂ ਹਟ ਕੇ ਮਨੁੱਖਤਾ ਦੀ ਹੱਦ ਵਿਚ ਦਾਖਲ ਹੋ ਗਿਆ। ਕੀ ਮਨੁੱਖ, ਕੀ ਪਸ਼ੂ, ਸਭ ਦੇ ਪ੍ਰਤੀ ਉਸ ਦੇ ਦਿਲ ਵਿਚ ਪਰੇਮ ਪੈਦਾ ਹੋ ਗਿਆ। ਅਹਿੰਸਾ ਦੇ ਸੁਨੇਹੇ ਨੇ ਸਾਰੇ ਮਨੁੱਖੀ-ਸੁਧਾਰਾਂ ਦੇ ਮਹਿਲ ਖੜੇ ਕਰ ਦਿਤੇ। ਬਦ-ਕਿਸਮਤੀ ਨਾਲ ਉਹ ਮਹਿਲ ਅੱਜ ਡਿੱਗ ਰਹੇ ਹਨ। ਜਲ, ਥਲ ਅਤੇ ਆਕਾਸ਼ ਖੂਨ ਨਾਲ ਰੰਗੇ ਜਾ

ਚੁੱਕੇ ਹਨ ਅਤੇ ਭਵਿਖ ਲਈ ਇਸ ਨੂੰ ਰੰਗਣ ਦੀਆਂ ਵਿਸ਼ਵ-ਤਿਆਰੀਆਂ ਹੋ ਰਹੀਆਂ ਹਨ । ਤੀਸਰੇ ਮਹਾਂ-ਯੁੱਧ ਦਾ ਭੈੜਾ ਸੁਪਨਾ ਵੇਖਣਾ ਅਜੇ ਤਕ ਬੰਦ ਨਹੀਂ ਹੋਇਆ । ਪ੍ਰਮਾਣੂ ਬੰਬ ਦੀ ਖੋਜ ਬਾਰੇ ਸਭ ਦੇਸ਼ਾਂ ਵਿਚਕਾਰ ਦੌੜ ਲੱਗੀ ਹੋਈ ਹੈ। ਜ਼ਰੂਰਤ ਹੈ, ਅੱਜ ਫਿਰ ਜੈਨ-ਤੀਰਥੰਕਰਾਂ ਦੇ, ਭਗਵਾਨ ਮਹਾਵੀਰ ਜੀ ਦੇ, ਜੈਨ-ਆਚਾਰੀਆਂ ਦੇ, 'ਅਹਿੰਸਾ ਪਰਮੋ ਧਰਮ' ਦੀ । ਮਨੁੱਖ-ਜਾਤੀ ਦੇ ਪੱਕੇ ਸੁੱਖਾਂ ਦੇ ਸੁਪਨੇ, ਇਕ ਮਾਤਰ ਅਹਿੰਸਾ ਹੀ ਪੂਰਿਆਂ ਕਰ ਸਕਦੀ ਹੈ ਅਤੇ ਕੋਈ ਦੂਸਰਾ ਨਹੀਂ । 'अहिंसा भूताना जगति, विदितं ब्रह्म परमम्:' ।

# ਜੈਨ-ਦਰਸ਼ਨ ਦੀ ਮੁਖ ਆਵਾਜ : ਅਨੇਕਾਂਤ

ਅਨੇਕਾਂਤਵਾਦ ਜੈਨ-ਦਰਸ਼ਨ ਦੀ ਆਧਾਰ-ਸ਼ਿਲਾ ਹੈ । ਜੈਨ-ਤਤਵ-ਗਿਆਨ ਦੀ ਸਾਰੀ ਇਮਾਰਤ ਇਸੇ ਅਨੇਕਾਂਤਵਾਦ ਦੇ ਸਿਧਾਂਤ ਤੇ ਅਧਾਰਿਤ ਹੈ । ਅਸਲ ਵਿੱਚ ਅਨੇਕਾਂਤਵਾਦ ਦੇ ਸਿਧਾਂਤ ਨੂੰ ਜੈਨ ਦਰਸ਼ਨ ਦਾ ਪ੍ਰਾਣ ਸਮਝਣਾ ਚਾਹੀਦਾ ਹੈ । ਜੈਨ ਧਰਮ ਵਿੱਚ ਜਦ ਵੀ ਕੋਈ ਗੱਲ ਆਖੀ ਗਈ ਹੈ ਉਹ ਸਿਆਦਵਾਦ ਦੀ ਸੱਚੀ ਕਸੌਟੀ ਤੇ ਚੰਗੀ ਤਰ੍ਹਾਂ ਪਰਖ

ਕੇ ਆਖੀ ਗਈ ਹੈ। ਇਹੋ ਕਾਰਨ ਹੈ ਦਾਰਸ਼ਨਿਕ ਸਾਹਿਤ ਵਿਚ ਜੈਨ ਦਰਸ਼ਨ ਦਾ ਦੂਸਰਾ ਨਾਂ ਅਨੇਕਾਂਤ ਦਰਸ਼ਨ ਵੀ ਹੈ।

ਅਨੇਕਾਂਤ ਦਾ ਅਰਥ ਹੈ—ਹਰ ਵਸਤੂ ਦਾ ਭਿੰਨ ਭਿੰਨ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨਾ ਦੇਖਣਾ,ਜਾਂ ਆਖਣਾ। ਅਨੇਕਾਂਤ-ਵਾਦ ਜੇ ਇਕ ਹੀ ਅਰਥ ਸਮਝਣਾ ਹੋਵੇ ਤਾਂ ਉਸਨੂੰ "ਆਪੇਕ-ਸ਼ਵਾਦ" ਆਖ ਸਕਦੇ ਹਾਂ। ਜੈਨ ਧਰਮ ਵਿੱਚ ਹਮੇਸ਼ਾ ਇਕ ਹੀ ਨਜ਼ਰ ਤੋਂ ਪਦਾਰਥ ਦੀ ਜਾਂਚ ਪੜਤਾਲ ਦੇ ਢੰਗ ਨੂੰ ਅਪੂਰਣ ਅਪ੍ਰਮਾਣਿਕ ਸ਼ਮਝਿਆ ਜਾਂਦਾ ਹੈ ਅਤੇ ਇਕ ਵਸਤੂ ਦੇ ਭਿਨ ਭਿੰਨ ਨਜਰਾਂ ਤੋਂ ਭਿੰਨ ਭਿੰਨ ਧਰਮਾਂ (ਸੁਭਾਵਾਂ) ਤੋਂ ਆਖਣ ਦੀ ਪ੍ਰਨਾਲੀ ਨੂੰ ਪੂਰਨ ਤੇ ਪ੍ਰਮਾਣਿਕ ਮਨਿਆ ਗਿਆ ਹੈ। ਇਹੋ ਪ੍ਰਣਾਲੀ ਹੀ ਅਨੇਕਾਂਤਵਾਦ ਹੈ। ਅਨੇਕਾਂਤਵਾਦ ਦੇ ਹੀ :—ਆਪੇਕਸ਼ਵਾਦ, ਕੱਥਚਿਤਵਾਦ, ਸਿਆਦਵਾਦ ਆਦਿ ਰੁਪਾਂਤਕ ਸ਼ਬਦ ਹਨ।

ਜੈਨ ਧਰਮ ਦੀ ਮਾਨਤਾ ਹੈ ਕਿ ਹਰ ਪਦਾਰਥ ਚਾਹੇ ਉਹ ਥੋੜਾ, ਮਿੱਟੀ ਦਾ ਕਣ ਵੀ ਕਿਉਂ ਨਾ ਹੋਵੇ, ਚਾਹੇ ਬੜਾ ਹਿਮਾਲਿਆ ਅਨੰਤ ਸੁਭਾਵਾਂ (ਧਰਮਾਂ) ਦਾ ਸਮੂਹ ਹੈ, ਧਰਮ ਦਾ ਅਰਥ ਗੁਣ ਤੇ ਵਿਸ਼ੇਸ਼ਤਾ ਹੈ। ਉਦਾਹਰਨ ਲਈ ਤੁਸੀਂ ਫਲ ਨੂੰ ਲੈ ਸਕਦੇ ਹੋ। ਫਲ ਵਿੱਚ ਰੂਪ ਵੀ ਹੈ, ਗੰਧ ਵੀ ਹੈ, ਸਪਰਸ਼ ਵੀ ਹੈ, ਆਕਾਰ ਵੀ ਹੈ ਅਤੇ ਭੁੱਖ ਖਤਮ ਕਰਣ ਦੀ ਸ਼ਕਤੀ ਵੀ ਹੈ। ਬਹੁਤ ਸਾਰੇ ਰੋਗ ਖਤਮ ਕਰਣ ਦੀ ਤਾਕਤ ਵੀ ਹੈ। ਕਿਥੋਂ ਤਕ ਗਿਣਾਇਏ ? ਸਾਡੀ ਅਕਲ ਬਹੁਤ ਸੀਮਿਤ ਹੈ ਇਸ ਲਈ ਅਸੀਂ ਸਾਰੇ ਧਰਮਾਂ ਨੂੰ ਬਿਨਾਂ ਕੇਵਲ

(ਬ੍ਰਹਮ) ਗਿਆਨ ਹੋਇਆ ਨਹੀਂ ਜਾਣ ਸਕਦੇ । ਪਰ ਸਪਸ਼ਟ ਤੇ ਵਿਖਾਈ ਦੇਣ ਵਾਲੇ ਧਰਮ ਜਾਣ ਸਕਦੇ ਹਾਂ।

### ❀ 'ਹੀ' ਤੇ 'ਵੀ'

ਹਾਂ, ਤਾਂ, ਪਦਾਰਥ ਦੇ ਕੇਵਲ ਇਕ ਪੱਖ ਨੂੰ ਕੇਵਲ ਇਕ ਧਰਮ ਨੂੰ ਜਾਣਨ ਦੀ ਜਾਂ ਆਖਣ ਦੀ ਕੋਸ਼ਿਸ਼ ਨਾ ਕਰੋ। ਹਰ ਪਦਾਰਥ ਨੂੰ ਅੱਡ ਅੱਡ ਪਖੋਂ ਵੇਖੋ ਤੇ ਆਖੋ। ਇਸ ਦਾ ਨਾਮ ਹੀ ਸਿਆਦਵਾਦ ਹੈ । ਸਿਆਦਵਾਦ ਸਾਡੇ ਦ੍ਰਿਸ਼ਟੀਕੋਣ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਸਾਡੀ ਵਿਚਾਰਧਾਰਾ ਦੀ ਪੂਰਤੀ ਕਰਦਾ ਹੈ।

ਫਲ ਦੇ ਬਾਰੇ ਜਦ ਅਸੀਂ ਆਖਦੇ ਹਾਂ ਕਿ ਫਲ ਦਾ ਰੂਪ ਵੀ ਹੈ, ਰਸ ਵੀ ਗੰਧ ਵੀ ਹੈ, ਸਪਰਸ ਵੀ ਹੈ, ਆਦਿ ਤਕ ਅਸੀਂ ਅਨੇਕਾਂਤਵਾਦ ਦਾ ਪ੍ਰਯੋਗ ਕਰਦੇ ਹਾਂ ਅਤੇ ਫਲ ਨੂੰ ਠੀਕ ਪਛਾਨਦੇ ਹਾਂ । ਇਸ ਦੇ ਉਲਟ ਜਦੋਂ ਅਸੀਂ ਇਕਾਂਤ ਹੱਠ ਵਿਚ ਆਕੇ ਇਹ ਆਖਦੇ ਹਾਂ। ਫਲ ਵਿਚ ਕੇਵਲ ਰੂਪ ਹੀ ਹੈ, ਰਸ ਹੀ ਹੈ, ਗੰਧ ਹੀ ਹੈ, ਸਪਰਸ਼ ਹੀ ਹੈ। ਤਾਂ ਅਸੀਂ ਮਿਥਿਆ ਸਿਧਾਂਤ ਦੀ ਵਰਤੋਂ ਕਰਦੇ ਹਾਂ। 'ਵੀ' ਵਿਚ ਦੂਸਰੇ ਧਰਮਾਂ "ਗੁਣਾਂ" ਦੀ ਮੰਜ਼ੂਰੀ ਛਿਪੀ ਹੋਈ ਹੈ ਜਦ ਕਿ "ਹੀ" ਵਿੱਚ ਦੂਸਰੇ "ਗੁਣਾਂ" ਤੋਂ ਇਨਕਾਰ ਹੈ। ਰੂਪ ਵੀ ਹੈ, ਇਸ ਦਾ ਅਰਥ ਹੈ ਕਿ ਫਲ ਵਿਚ ਰਪ ਵੀ ਹੈ ਤੇ ਦੂਸਰੇ ਰਸ ਆਦਿ ਗੁਣ ਵੀ ਹਨ ਤੇ